# ਹਰ ਮਜੈਸਟੀ ਕੁਈਨ ਐਲਿਜ਼ਬੈੱਥ II: ਪ੍ਰੀਮੀਅਰ ਕੈਨੀ

8 ਸਤੰਬਰ 2022 ਮੀਡੀਆ ਇਨਕੁਆਰੀਆਂ

## ਪ੍ਰੀਮੀਅਰ  ਜੇਸਨ ਕੈਨੀ ਨੇ ਹਰ ਲੇਟ ਮਜੈਸਟੀ ਰਾਣੀ ਐਲਿਜ਼ਬੈੱਥ II ਦੀ ਮੌਤ 'ਤੇ ਹੇਠ ਲਿਖਿਆ ਬਿਆਨ ਜਾਰੀ ਕੀਤਾ:

"ਮੈਂ ਐਲਬਰਟਾ ਨਿਵਾਸੀਆਂ, ਕੈਨੇਡਾ ਨਿਵਾਸੀਆਂ ਅਤੇ ਕਾਮਨਵੈਲਥ ਦੇ ਲੋਕਾਂ ਨਾਲ ਹਰ ਲੇਟ ਮਜੈਸਟੀ ਰਾਣੀ ਐਲਿਜ਼ਬੈੱਥ ਦੀ ਮੌਤ ਦੇ ਅਤਿ ਡੂੰਘੇ ਦੁੱਖ ਅਤੇ ਸ਼ੋਕ ਵਿਚ ਸ਼ਾਮਲ ਹੁੰਦਾ ਹਾਂ।

"ਕੈਨੇਡਾ ਦੇ ਸ਼ਾਸਕ ਦਾ ਲੰਮਾਂ ਅਤੇ ਸ਼ੋਭਾਜਨਕ ਸ਼ਾਸਨ ਖਤਮ ਹੋ ਗਿਆ ਹੈ, ਅਤੇ ਇਸਦੇ ਨਾਲ ਹੀ, ਜਿਵੇਂ ਸਰ ਵਿੰਸਟਨ ਚਰਚਿਲ ਨੇ ਕਿਹਾ, ਖਤਮ ਹੋਇਆ ਦੂਸਰਾ ਐਲਿਜ਼ਬੈੱਥ ਯੁੱਗ।

"ਤਕਰੀਬਨ ਸਾਡੇ ਸਾਰਿਆਂ ਲਈ, ਉਹ ਕੈਨੇਡਾ ਦੀ ਕੇਵਲ ਇਕੋ ਇਕ ਸਮਰਾਟ ਸੀ ਜਿਸਨੂੰ ਕਦੇ ਵੀ, ਅਸੀਂ ਸਾਰਿਆਂ ਨੇ ਜਾਣਿਆਂ। ਇਕ ਹਰ ਵੇਲੇ ਬਦਲਦੀ ਦੁਨੀਆਂ 'ਚ, ਉਹ ਸਾਡੇ ਲਈ ਸਥਿਰਤਾ ਅਤੇ ਲਗਾਤਾਰਤਾ ਦਾ ਆਧਾਰ ਸੀ, ਸਾਡੀਆਂ ਜ਼ਿੰਦਗੀਆਂ 'ਚ ਇਕ ਨਿਰੰਤਰ ਕਿਰਪਾਲੂ ਅਤੇ ਪ੍ਰਤਿਸ਼ਠਾਵਾਨ ਮੌਜ਼ੂਦਗੀ।

"ਹਰ ਲੇਟ ਮਜੈਸਟੀ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਲੋਕਾਂ ਦੀ ਅਤੇ ਉਨ੍ਹਾਂ ਸੰਸਥਾਵਾਂ ਦੀ ਸੇਵਾ ਵਿਚ ਲਗਾਈ ਜਿਹੜੀਆਂ ਸਾਡੇ ਪਾਰਲੀਮਾਨੀ ਲੋਕਤੰਤਰ ਅਤੇ ਸੁਤੰਤਰਤਾਵਾਂ ਦੀ ਰਾਖੀ ਕਰਦੀਆਂ ਹਨ। ਆਪਣੀਆਂ ਜਨਤਕ ਡਿਊਟੀਆਂ ਨੂੰ ਆਪਣੇ ਰਾਜ ਦੇ ਸਤਵੇਂ ਦਹਾਕੇ 'ਚ ਅਤੇ ਆਪਣੀ ਉਮਰ  ਦੇ 96ਵੇਂ ਵਰ੍ਹੇ 'ਚ ਜਾਰੀ ਰੱਖਦਿਆਂ, ਇਉਂ ਜਾਪਦਾ ਸੀ ਜਿਵੇਂ ਉਹ ਸਾਡੀਆਂ ਜ਼ਿੰਦਗੀਆਂ 'ਚ ਇਕ ਅਟੱਲ ਮੌਜ਼ੂਦਗੀ ਹੈ। ਅਤੇ ਇਸ ਲਈ ਅੱਜ ਦੀ ਉਦਾਸ ਕਰਨ ਵਾਲੀ ਖਬਰ ਮੇਰੇ ਲਈ ਅਤੇ ਹੋਰ ਬਹੁਤ ਸਾਰਿਆਂ ਲਈ ਭਿਆਨਕ ਝਟਕਾ ਹੈ ਜਿਵੇਂ ਸਾਡੀਆਂ ਜ਼ਿੰਦਗੀਆਂ ਵਿਚਲੀ ਕੋਈ ਸਥਾਈ ਚੀਜ਼ ਹਟ ਗਈ ਹੈ।

“ਐਲਬਰਟਾ ‘ਚ ਆਪਣੀਆਂ ਕਈ ਫੇਰੀਆਂ ‘ਚ, ਹਰ ਮਜੈਸਟੀ ਨੇ ਇਸ ਸਥਾਨ ਅਤੇ ਇਸਦੇ ਲੋਕਾਂ ਲਈ ਡੂੰਘੇ ਪਿਆਰ ਦਾ ਪ੍ਰਦਰਸ਼ਨ ਕੀਤਾ। ਉਸਦਾ ਨਾਂ ਇੱਥੇ ਸਦਾ ਲਈ ਜ਼ਿੰਦਾ ਰਹੇਗਾ, ਸਾਡੇ ਸਕੂਲਾਂ ਅਤੇ ਸਟਰੀਟਾਂ, ਸੜਕਾਂ ਅਤੇ ਇਮਾਰਤਾਂ ਅਤੇ ਨਿਰਸੰਦੇਹ ਸਾਡੀਆਂ ਆਲੀਸ਼ਾਨ ਰੌਕੀ ਮਾਊਂਟੇਨਜ਼ ਦੀਆਂ ਮਾਊਂਟ ਕਵੀਨ ਐਲਿਜ਼ਾਬੈੱਥ ਅਤੇ ਕੁਈਨ ਐਲਿਜ਼ਾਬੈੱਥ ਰੇਂਜ ਉੱਪਰ।

“ਸਵਰਗੀ ਰਾਣੀ ਇਕ ਅਜਿਹੀ ਔਰਤ ਸੀ ਜਿਸਨੇ ਕ੍ਰਿਸਚੀਅਨ ਧਰਮ ‘ਚ ਚੁੱਪਚਾਪ ਪਰੰਤੂ ਡੂੰਘਾ ਵਿਸ਼ਵਾਸ਼ ਰੱਖਿਆ। ਅਤੇ ਇਸ ਲਈ ਮੈਂ ਇੱਥੋਂ ਦੇ ਅਤੇ ਦੁਨੀਆਂ ਭਰ ਦੇ ਅਣਗਿਣਤ ਲੋਕਾਂ ਨਾਲ ਰਾਣੀ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਅਤੇ ਸ਼ਾਹੀ ਪਰਿਵਾਰ ਨਾਲ ਦੁੱਖ ਦੇ ਧਰਵਾਸ ‘ਚ ਸ਼ਾਮਲ ਹੁੰਦਾ ਹਾਂ। ਉਸ ਨੇ ਕਈ ਵਾਰੀ ਪ੍ਰਤਿਭਾਵਾਂ ਦੇ ਦ੍ਰਿਸ਼ਟਾਂਤ ‘ਤੇ ਧਿਆਨ ਲਗਾਇਆ ਹੋਵੇਗਾ, ਇਸ ਲਈ ਮੈਂ ਆਸ ਕਰਦਾ ਹਾਂ ਕਿ ਉਹ ਅੰਤ ਨੂੰ ਇੰਨ੍ਹਾਂ ਸ਼ਬਦਾਂ ਨੂੰ ਸੁਣਨਗੇ। ‘ਬਹੁਤ ਚੰਗਾ ਕੀਤਾ, ਚੰਗਾ ਅਤੇ ਵਫਾਦਾਰ ਸੇਵਕ; ਤੁਸੀਂ ਕਈ ਸਾਰੀਆਂ ਚੀਜ਼ਾਂ ‘ਚ ਵਫਾਦਾਰ ਰਹਿੰਦੇ ਰਹੇ, ਮੈਂ ਤੁਹਾਨੂੰ ਬਹੁਤ ਸਾਰੀਆਂ ਚੀਜ਼ਾਂ ਉੱਪਰ ਸ਼ਾਸਕ ਬਣਾਵਾਂਗਾ। ਆਪਣੇ ਰੱਬ ਦੀਆਂ ਖੁਸ਼ੀਆਂ ‘ਚ ਸ਼ਾਮਲ ਹੋਵੋ।”

“ਧੰਨਵਾਦ ਯੂਅਰ ਮਜੈਸਟੀ।

“ਅਤੇ ਪ੍ਰਮਾਤਮਾਂ ਰਾਜੇ ਨੂੰ ਸੁਰੱਖਿਅਤ ਰੱਖੇ।”

## ਮੀਡੀਆ ਇਨਕੁਆਰੀਆਂ


### Justin Brattinga

780-203-0177
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ